# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 16-08-2024**

ਭਾਰਤੀ ਪੁਲਾੜ ਖੋਜ ਸੰਗਠਨ ਇਸਰੋ ਨੇ, ਆਂਧਰਾ ਪ੍ਰਦੇਸ਼ ਦੇ ਸ੍ਰੀ-ਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ, ਅੱਜ ਸਵੇਰੇ 9 ਵੱਜ ਕੇ 17 ਮਿੰਟ 'ਤੇ ਨਵੇਂ ਰਾਕੇਟ SSLV- D- 3 ਨੂੰ ਲਾਂਚ ਕੀਤਾ। ਇਸ ਦੇ ਨਾਲ ਹੀ, EOS - 08 ਮਿਸ਼ਨ ਵਜੋਂ, ਨਵਾਂ ਅਰਥ ਆਬਜ਼ਰਵੇਸ਼ਨ ਸੈਟੇਲਾਈਟ ਲਾਂਚ ਕੀਤਾ ਗਿਆ। ਇਸਰੋ ਦੇ ਮੁਖੀ ਡਾ. ਐੱਸ. ਸੋਮਨਾਥ ਨੇ ਲਾਂਚਿੰਗ ਦੀ ਕਾਮਯਾਬੀ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਲਈ ਸਮੁੱਚੀ ਟੀਮ ਨੂੰ ਵਧਾਈ ਦਿੱਤੀ। EOS - 08 ਧਰਤੀ ਦੀ ਨਿਗਰਾਨੀ ਕਰਨ ਦੇ ਨਾਲ, ਵਾਤਾਵਰਨ ਤੇ ਤਬਾਹੀ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਹੀ ਤਕਨੀਕੀ ਪ੍ਰਦਰਸ਼ਨ ਵੀ ਕਰੇਗਾ । ਇਸਰੋ ਦੇ ਅਨੁਸਾਰ, ਇਸਦੇ ਯੋਜਨਾਬੱਧ ਇੱਕ ਸਾਲ ਦੇ ਮਿਸ਼ਨ ਜੀਵਨ ਦੇ ਨਾਲ, ਇਹ ਸੈਟੇਲਾਈਟ, ਮਹੱਤਵਪੂਰਨ ਡੇਟਾ ਪ੍ਰਦਾਨ ਕਰੇਗਾ ।ਕਾਮਯਾਬ ਲਾਂਚਿੰਗ ਤੋਂ ਬਾਅਦ, ਇਸਰੋ ਦੇ ਮੁਖੀ ਡਾ. ਐੱਸ. ਸੋਮਨਾਥ ਨੇ ਕਿਹਾ ਕਿ ਸਾਡੀ ਲਾਂਚਿੰਗ ਸਹੀ ਏ। ਸੈਟੇਲਾਈਟ ਸਹੀ ਥਾਂ 'ਤੇ ਪਹੁੰਚ ਗਿਆ ਏ।

ਉਨਾਂ ਕਿਹਾ ਕਿ ਹੁਣ ਅਸੀਂ ਕਹਿ ਸਕਦੇ ਹਾਂ ਕਿ SSLV ਰਾਕੇਟ ਦੀ ਤੀਜੀ ਡਿਮਾਂਸਟ੍ਰੇਸ਼ਨ ਉਡਾਣ ਕਾਮਯਾਬ ਰਹੀ ਏ। ਉਨ੍ਹਾਂ ਕਿਹਾ ਕਿ ਉਹ ਹੁਣ, ਇਸ ਰਾਕੇਟ ਦੀ ਤਕਨੀਕੀ ਜਾਣਕਾਰੀ ਉਦਯੋਗ ਨਾਲ ਸਾਂਝੀ ਕਰਨਗੇ , ਤਾਂ ਜੋ ਵੱਧ ਤੋਂ ਵੱਧ ਗਿਣਤੀ ਵਿੱਚ ਰਾਕੇਟ ਦਾ ਨਿਰਮਾਣ ਕੀਤਾ ਜਾ ਸਕੇ ਅਤੇ ਛੋਟੇ ਸੈਟੇਲਾਈਟਾਂ ਦੀ ਲਾਂਚਿੰਗ ਵਧੇਰੇ ਹੋ ਸਕੇ।

---------------------------------------------------------------

ਪੰਜਾਬ ਵਿਚ ਵੱਖ ਵੱਖ ਥਾਵਾਂ ਤੇ 78ਵਾਂ ਆਜ਼ਾਦੀ ਦਿਵਸ ਕਲ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ । ਸੀਮਾ ਸੁਰੱਖਿਆ ਬਲ ਪੰਜਾਬ ਫਰੰਟੀਅਰ ਨੇ ਵੀ, ਇਹ ਦਿਵਸ ਉਤਸ਼ਾਹ ਤੇ ਜੋਸ਼ ਨਾਲ ਮਨਾਇਆ । ਬਲ ਦੇ ਡਾਇਰੈਕਟਰ ਜਨਰਲ ਦਲਜੀਤ ਸਿੰਘ ਚੌਧਰੀ ਨੇ, , ਅੰਮ੍ਰਿਤਸਰ ਦੇ ਬੀ.ਐਸ.ਐਫ ਕੰਪਲੈਕਸ ਖਾਸਾ ਵਿਖੇ ਕੁਆਟਰ ਗਾਰਡ ਵਿਖੇ ਕੌਮੀ ਝੰਡਾ ਲਹਿਰਾਇਆ । ਉਨ੍ਹਾਂ ਆਜ਼ਾਦੀ ਘੁਲਾਟੀਆਂ ਦੀ ਕੁਰਬਾਨੀ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦਿਆਂ, ਸਾਰੇ ਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੱਤੀ ਅਤੇ ਦੇਸ਼ ਦੀ ਤਰੱਕੀ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕੀਤੀ। ਮੁੱਖ ਸਮਾਗਮ ਸ਼ਾਮ ਨੂੰ ਵਿਸ਼ਵ ਪ੍ਰਸਿੱਧ JCP ਅਟਾਰੀ ਵਿਖੇ ਹੋਇਆ। ਬਲ ਦੇ ਡਾਇਰੈਕਟਰ ਜਨਰਲ ਦਲਜੀਤ ਸਿੰਘ ਚੌਧਰੀ ਮੁੱਖ ਮਹਿਮਾਨ ਰਹੇ

ਅਤੇ ਉਨਾਂ ਨਾਲ ਪੰਜਾਬ ਫਰੰਟੀਅਰ ਦੇ ਇੰਸਪੈਕਟਰ ਜਨਰਲ, ਡਾ: ਅਤੁਲ ਫੁਲਝੇਲੇ ਤੇ ਫੋਰਸ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ । ਸਮਾਗਮ ਵਿੱਚ ਸਕੂਲ, ਕਾਲਜ ਦੇ ਵਿਦਿਆਰਥੀਆਂ ਅਤੇ ਹੋਰ ਸੰਸਥਾਵਾਂ ਦੇ ਸਮੂਹਾਂ ਨੇ ਸ਼ਾਨਦਾਰ ਸੱਭਿਆਚਾਰਕ ਤੇ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਕੀਤੀਆਂ। ਬੀ ਐਸ ਐਫ ਵੂਮੈਨ ਬੋਲਡਜ਼ ਟੀਮ ਅਤੇ ਬੀ ਐਸ ਐਫ ਪ੍ਰੇਹਰੀ ਬ੍ਰਾਸ ਬੈਂਡ ਨੇ, ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਦੇਸ਼ ਭਗਤੀ ਦੇ ਜਜ਼ਬੇ ਵਿੱਚ ਰੰਗ ਦਿੱਤਾ । ਇਸ ਤੋਂ ਪਹਿਲਾਂ ਬੱਲ ਦੇ ਇੰਸਪੈਕਟਰ ਜਨਰਲ ਡਾ. ਅਤੁਲ ਫੁਲਝੇਲੇ ਨੇ ਡਾਇਰੈਕਟਰ ਜਨਰਲ ਦਲਜੀਤ ਸਿੰਘ ਚੌਧਰੀ ਨੂੰ, ਪੰਜਾਬ ਫਰੰਟੀਅਰ ਦੀ ਸਰਹੱਦ ਨੂੰ ਵੱਖ-ਵੱਖ ਖਤਰਿਆਂ ਤੋਂ ਬਚਾਉਣ ਲਈ ਅਪਣਾਈਆਂ ਜਾ ਰਹੀਆਂ ਸੰਚਾਲਨ ਤਿਆਰੀਆਂ ਅਤੇ ਰਣਨੀਤੀਆਂ ਬਾਰੇ ਜਾਣਕਾਰੀ ਦਿੱਤੀ । ਡਾਇਰੈਕਟਰ ਜਨਰਲ ਨੇ ਫਰੰਟੀਅਰ ਦੀਆਂ ਜ਼ਿਕਰਯੋਗ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ, ਸਰਹੱਦ ਪਾਰੋਂ ਉੱਭਰਦੇ ਖਤਰਿਆਂ ਦੇ ਟਾਕਰੇ ਲਈ ਜ਼ਮੀਨ 'ਤੇ ਅਪਣਾਏ ਜਾ ਰਹੇ ਰਣਨੀਤਕ ਉਪਾਵਾਂ ਦੀ ਸਮੀਖਿਆ ਕਰਨ ਲਈ, ਸਰਹੱਦੀ ਖੇਤਰਾਂ ਦਾ ਦੌਰਾ ਕੀਤਾ ਅਤੇ ਜਵਾਨਾਂ ਨਾਲ ਗੱਲਬਾਤ ਵੀ ਕੀਤੀ।

-----------------------------------------------------

ਹੁਸ਼ਿਆਰਪੁਰ ਦੇ ਖੜਕਾਂ ਵਿਖੇ, ਸਥਿਤ ਸੀਮਾ ਸੁਰੱਖਿਆ ਬਲ ਦੇ ਸਹਾਇਕ ਸਿਖਲਾਈ ਕੇਂਦਰ ਵਿਖੇ, ਕਮਾਂਡੈਂਟ ਰਤਨੇਸ਼ ਕੁਮਾਰ ਨੇ 78ਵੇਂ ਸੁਤੰਤਰਤਾ ਦਿਵਸ ਸਮਾਗਮ ਦੀ ਅਗਵਾਈ ਕੀਤੀ । ਇਸ ਸਮਾਗਮ ਵਿੱਚ ਸਾਰੇ ਅਧਿਕਾਰੀਆਂ ਤੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਹਿੱਸਾ ਲਿਆ । ਸਮਾਗਮ ਦੀ ਸ਼ੁਰੂਆਤ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ, ਰਾਸ਼ਟਰੀ ਗੀਤ ਗਾ ਕੇ ਕੀਤੀ ਗਈ । ਸਮਾਗਮ ਨੂੰ ਸੰਬੋਧਨ ਕਰਦਿਆਂ ਰਤਨੇਸ਼ ਕੁਮਾਰ ਨੇ ਆਜ਼ਾਦੀ ਦਿਵਸ ਦੀ ਮਹੱਤਤਾ ਅਤੇ ਆਜ਼ਾਦੀ ਤੇ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ, ਹਰੇਕ ਨਾਗਰਿਕ ਦੀ ਜ਼ਿੰਮੇਵਾਰੀ ’ਤੇ ਜ਼ੋਰ ਦਿੱਤਾ । ਇਹ ਸਮਾਗਮ ਦੇਸ਼ ਦੀ ਬਿਹਤਰੀ ਲਈ ਕੰਮ ਕਰਦੇ ਰਹਿਣ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਦੇ ਪ੍ਰਣ ਨਾਲ ਸਮਾਪਤ ਹੋਇਆ ।

---------------------------------------------------

ਇੰਟਰਨੈਸ਼ਨਲ ਸੋਸਾਇਟੀ ਆਫ ਬ੍ਰਹਮਾ-ਕੁਮਾਰੀਜ਼ ਦੀ ਮੋਹਾਲੀ ਇਕਾਈ ਨੇ, 78ਵਾਂ ਸੁਤੰਤਰਤਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ । ਇਸ ਮੌਕੇ ਸੈਂਕੜੇ ਬ੍ਰਹਮਾਕੁਮਾਰਾਂ ਅਤੇ ਬ੍ਰਹਮਾ ਕੁਮਾਰੀਆਂ ਨੇ ਸਭ ਤੋਂ ਪਹਿਲਾਂ ਸਮੂਹਿਕ ਰਾਜਯੋਗ ਧਿਆਨ ਕੀਤਾ ਅਤੇ ਮਗਰੋਂ ਮੁਹਾਲੀ ਖੇਤਰ ਦੇ

ਰਾਜਯੋਗ ਕੇਂਦਰਾਂ ਦੀ ਇਨਚਾਰਜ ਬ੍ਰਹਮ ਕੁਮਾਰੀ ਪ੍ਰੇਮਲਤਾ ਨੇ ਭਵਨ ਦੇ ਸਭ ਤੋਂ ਉੱਚੇ ਸਥਾਨ ’ਤੇ ਤਿਰੰਗਾ ਲਹਿਰਾਇਆ। ਬ੍ਰਹਮ ਕੁਮਾਰੀ ਪ੍ਰੇਮਲਤਾ ਨੇ ਭਾਰਤ ਮਾਤਾ ਦੇ ਅਨੇਕਾਂ ਪੁੱਤਰਾਂ ਵੱਲੋਂ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਬਾਰੇ ਲੋਕਾਂ ਨੂੰ ਯਾਦ ਕਰਵਾਇਆ।ਉਨਾਂ ਸਾਰਿਆਂ ਨੂੰ ਆਜ਼ਾਦੀ ਦਿਹਾੜੇ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਭਾਰਤ ਮਾਤਾ ਨੂੰ ਕਈ ਸਦੀਆਂ ਤੱਕ ਵਿਦੇਸ਼ੀਆਂ ਦੇ ਰਾਜ ਵਿਚ ਗੁਲਾਮੀ ਝੱਲਣੀ ਪਈ। ਭਾਰਤ ਦੇ ਅਣਗਿਣਤ ਬਹਾਦਰ ਨੌਜਵਾਨਾਂ ਨੇ ਸੈਂਕੜੇ ਸਾਲਾਂ ਤੱਕ ਚੱਲੀ ਆਜ਼ਾਦੀ ਦੇ ਅੰਦੋਲਨਾਂ ਵਿੱਚ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ, ਉਧਮ ਸਿੰਘ ਅਤੇ ਰਾਜਗੁਰੂ ਸ਼ਾਮਲ ਸਨ। ਬ੍ਰਹਮਾਕੁਮਾਰੀ ਪ੍ਰੇਮਲਤਾ ਨੇ ਕਿਹਾ ਕਿ ਅਸੀਂ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਦੇ ਰਿਣੀ ਹਾਂ ਅਤੇ ਉਨ੍ਹਾਂ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਆਜ਼ਾਦੀ ਦਿਵਾਈ।

-----------------------------------------------------

ਪੰਜਾਬ ਪੁਲਿਸ ਦੇ ਐਸ.ਏ.ਐਸ. ਨਗਰ ਦੇ ਸੂਬਾ ਵਿਸ਼ੇਸ਼ ਆਪ੍ਰੇਸ਼ਨ ਸੈਲ ਨੇ, ਇਕ ਅੰਤਰ-ਰਾਜੀ ਸੰਗਠਿਤ ਹਥਿਆਰਾਂ ਦੀ ਤਸਕਰੀ ਰੈਕੇਟ

ਚਲਾਉਣ ਦੇ ਦੋਸ਼ ਵਿਚ, ਇਕ ਵਿਅਕਤੀ ਨੂੰ 4 ਗੈਰ ਕਾਨੂੰਨੀ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ ਏ। ਪੰਜਾਬ ਪੁਲਿਸ ਦੇ DGP ਗੌਰਵ ਯਾਦਵ ਨੇ ਇਸ ਨੂੰ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਨੂੰ ਇਕ ਵੱਡਾ ਝਟਕਾ ਦੱਸਿਆ ਏ। ਉਨਾਂ ਕਿਹਾ ਕਿ ਦੋਸ਼ੀ ਵੱਖ-ਵੱਖ ਗਿਰੋਹਾਂ ਨੂੰ ਮਾਲੀ ਮਦਦ ਪ੍ਰਦਾਨ ਕਰ ਰਿਹਾ ਸੀ ਅਤੇ ਉਹ ਮੱਧ ਪ੍ਰਦੇਸ਼ ਤੋਂ ਪੰਜਾਬ ਵਿਚ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਕਰ ਰਿਹਾ ਸੀ।